# ਕਟਰੀਨਾ ਤੂਫਾਨ ਦੀ ਤਬਾਹੀ ਅਤੇ ਬੁਸ਼ ਸਰਕਾਰ ਦੀ ਬੇਪਰਵਾਹੀ ਦੱਸਦੀ ਹੈ ਕਿ ਮੌਜੂਦਾ ਰਾਜ ਤੰਤ੍ਰ ਲੋਕਾਂ ਦਾ ਦੁਸ਼ਮਣ ਹੈ।

ਅਮਰੀਕਾ ਦੇ ਦੱਖਣੀ ਪੂਰਬੀ ਸਮੁੰਦਰੀ ਇਲਾਕਿਆਂ ਵਿਚ ਕਟਰੀਨਾ ਨਾਮ ਦੇ ਤੂਫਾਨ ਨੇ ਬੇਅੰਤ ਤਬਾਹੀ ਢਾਈ ਹੈ। ਅੰਦਾਜ਼ੇ ਹਨ ਕਿ ਹਜ਼ਾਰਾਂ ਹੀ ਲੋਕ ਮਾਰੇ ਗਏ ਹਨ ਅਤੇ ਲੱਖਾਂ ਦੇ ਘਰ ਬਰਬਾਦ ਹੋ ਗਏ ਤੇ ਉਹ ਬੇਘਰ ਹੋ ਗਏ ਹਨ। ਸਾਰਿਆਂ ਨਾਲੋਂ ਜ਼ਿਆਦਾ ਨੁਕਸਾਨ ਨਿਊ ਓਰਲੀਨਸ ਵਿਚ ਹੋਇਆ ਦਸਿਆ ਜਾਂਦਾ ਹੈ। ਇਸ ਸ਼ਹਿਰ ਵਿਚ ਪੰਜ ਦਿਨਾਂ ਤੋਂ ਵੀ ਜ਼ਿਆਦਾ ਇਕ ਲੱਖ ਦੇ ਕਰੀਬ ਲੋਕ 30 ਫੁੱਟ ਉਚੇ ਪਾਣੀ ਵਿਚ ਘਿਰੇ ਰਹੇ ਅਤੇ ਉਨ੍ਹਾਂ ਨੂੰ ਸਰਕਾਰ ਨੇ ਕੋਈ ਵੀ ਮਦਦ ਨਹੀਂ ਪਹੁੰਚਾਈ। ਇਸ ਦੌਰਾਨ ਹਜ਼ਾਰਾਂ ਲੋਕ ਭੁੱਖ, ਬਿਮਾਰੀ ਅਤੇ ਮੌਤ ਦੇ ਘਾਟ ਉਤਰ ਗਏ।

ਅਮਰੀਕਾ ਦਾ ਰਾਸ਼ਟਰਪਤੀ ਜਾਰਜ ਬੁਸ਼ ਕਰਾਫਰਡ ਵਿਚ ਆਪਣੇ ਫਾਰਮ ਤੇ ਛੁੱਟਿਆਂ ਮਨਾ ਰਿਹਾ ਸੀ ਜਦੋਂ ਤੂਫਾਨ ਨੇ ਇਸ ਇਲਾਕੇ ਨੂੰ ਆਪਣੀ ਲਪੇਟ ਵਿਚ ਲੈ ਲਿਆ। ਤੂਫਾਨ ਦੇ ਆਉਣ ਤੋਂ ਪੰਜ ਦਿਨ ਪਹਿਲਾਂ ਹੀ ਇਹ ਖ਼ਬਰਾਂ ਮਿਲੀਆਂ ਸਨ ਕਿ ਇਹ ਤੂਫਾਨ ਬਹੁਤ ਹੀ ਤਬਾਹਕੁੰਨ ਹੋਵੇਗਾ। ਇਹ ਤੂਫਾਨ 170 ਮੀਲ ਫ਼ੀ ਘੰਟੇ ਦੀ ਰਫਤਾਰ ਨਾਲ ਨਿਊ ਓਰਲੀਨਸ ਵੱਲ ਵੱਧ ਰਿਹਾ ਸੀ ਅਤੇ ਮਾਹਿਰਾਂ ਦੀ ਰਾਏ ਸੀ ਕਿ ਇਸ ਨਾਲ ਬਹੁਤ ਹੀ ਨੁਕਸਾਨ ਹੋਵੇਗਾ। ਲੂਜ਼ੀਆਨਾ ਦੇ ਗਵਰਨਰ ਅਤੇ ਸਰਕਾਰ ਨੇ ਲੋਕਾਂ ਨੂੰ ਸ਼ਹਿਰ ਛੱਡ ਜਾਣ ਲਈ ਤਾਂ ਕਿਹਾ ਪਰ ਕੋਈ ਵੀ ਐਸਾ ਇੰਤਜ਼ਾਮ ਨਹੀਂ ਕੀਤਾ ਜਿਸ ਨਾਲ ਗਰੀਬ, ਬਿਮਾਰ, ਬਜ਼ੁਰਗ ਅਤੇ ਹੋਰ ਕਮਜ਼ੋਰ ਲੋਕ ਇਸ ਤੂਫਾਨ ਦੀ ਤਬਾਹੀ ਤੋਂ ਬਚਾ ਕੇ ਮਹਿਫ਼ੂਜ਼ ਥਾਂ ਲਿਜਾਏ ਜਾ ਸਕਦੇ। ਨਿਊ ਓਰਲੀਨਜ਼ ਦਾ ਸਾਰਾ ਸ਼ਹਿਰ 30 ਫੁਟ ਪਾਣੀ ਵਿਚ ਡੁੱਬ ਗਿਆ। ਇਕ ਲੱਖ ਤੋਂ ਵੀ ਜ਼ਿਆਦਾ ਲੋਕ ਇਸ ਵਿਚ ਫਸ ਗਏ। ਜਾਰਜ ਬੁਸ਼ ਦੀ ਸਰਕਾਰ ਨੇ ਛੇ ਦਿਨ ਤੱਕ ਕੋਈ ਵੀ ਕਦਮ ਨਹੀਂ ਚੁੱਕਿਆ ਜਿਸ ਨਾਲ ਇਨ੍ਹਾਂ ਲੋਕਾਂ ਦੀ ਮਦਦ ਕੀਤੀ ਜਾ ਸਕਦੀ ਸੀ। ਬਾਹਰਲੇ ਸ਼ਹਿਰਾਂ ਤੋਂ ਜਿਹੜੇ ਸ਼ਹਿਰੀ ਉਥੇ ਮਦਦ ਕਰਨ ਲਈ ਜਾਣ ਦੀ ਕੋਸ਼ਿਸ਼ ਕਰ ਰਹੇ ਸੀ ਉਨ੍ਹਾਂ ਨੂੰ ਰੋਕ ਦਿਤਾ ਗਿਆ। ਛੇ ਦਿਨਾਂ ਤੱਕ ਫਸੇ ਹੋਏ ਲੋਕ, ਭੁਖ, ਬੀਮਾਰੀ ਅਤੇ ਮੌਤ ਦੇ ਸ਼ਿਕਾਰ ਹੁੰਦੇ ਰਹੇ।

ਲੂਜ਼ੀਆਨਾ ਦੇ ਲੋਕਾਂ ਅਤੇ ਅਫਸਰਾਂ ਨੇ ਇਸ ਨੂੰ ਇਕ ਕੌਮੀ ਧ੍ਰੋਹ ਅਤੇ ਕੌਮੀ ਸ਼ਰਮ ਵਾਲੀ ਗੱਲ ਕਿਹਾ ਹੈ। ਜਾਰਜ ਬੁਸ਼ ਅਤੇ ਅਮਰੀਕਨ ਸਰਕਾਰ ਆਪਣੇ ਇਸ ਵਹਿਸ਼ੀ ਰਵੱਈਏ ਲਈ ਨਿਊ ਓਰਲੀਨਸ ਸ਼ਹਿਰ ਦੇ ਦੁਆਲੇ ਬਣਾਏ ਬੰਨ੍ਹ ਟੁੱਟਣ ਦਾ ਬਹਾਨਾ ਬਣਾ ਰਹੇ ਹਨ। ਪਰ ਇਹ ਇਸ ਗੱਲ ਤੇ ਪਰਦਾ ਪਾ ਰਹੇ ਹਨ ਕਿ ਪਿਛਲੇ ਕਈ ਸਾਲਾਂ ਤੋਂ ਅਮਰੀਕੀ ਸਰਕਾਰ ਨੇ ਇਨ੍ਹਾਂ ਬੰਨ੍ਹਾਂ ਦੀ ਮੁਰੰਮਤ ਕਰਨ ਦਾ ਕੋਈ ਇੰਤਜ਼ਾਮ ਨਹੀਂ ਸੀ ਕੀਤਾ ਅਤੇ ਇਸ ਕੰਮ ਲਈ ਲੋੜੀਂਦਾ ਪੈਸਾ ਨਹੀਂ ਲਾਇਆ ਸੀ। ਇਨ੍ਹਾਂ ਬੰਨ੍ਹਾਂ ਵੱਲ ਕੋਈ ਧਿਆਨ ਨਹੀਂ ਦਿਤਾ ਗਿਆ ਸੀ ਅਤੇ ਲੋਕਾਂ ਦੀ ਜਾਨ ਮਾਲ ਨੂੰ ਖ਼ਤਰੇ ਦੇ ਮੂੰਹ ਵਿਚ ਪਾ ਦਿਤਾ ਗਿਆ ਸੀ।

ਤੂਫਾਨ ਦੇ ਬਾਰੇ ਕਾਫੀ ਚੇਤਾਵਨੀ ਦਿਤੀ ਗਈ ਸੀ। ਤੂਫਾਨ ਆਉਣ ਤੋਂ ਪੰਜ ਦਿਨ ਪਹਿਲਾਂ ਪਤਾ ਸੀ ਕਿ ਇਹ ਤੂਫਾਨ ਬਹੁਤ ਖ਼ਤਰਨਾਕ ਤੇ ਤਬਾਹਕੁੰਨ ਹੋਵੇਗਾ ਪਰ ਜਾਰਜ ਬੁਸ਼ ਦੀ ਸਰਕਾਰ ਨੇ ਕੋਈ ਐਸਾ ਕਦਮ ਨਹੀਂ ਚੁੱਕਿਆ ਜਿਸ ਨਾਲ ਲੋਕਾਂ ਨੂੰ ਤਰਤੀਬ ਨਾਲ ਇਸ ਤੂਫਾਨ ਦੀ ਲਪੇਟ ਤੋਂ ਬਚਾਇਆ ਜਾ ਸਕਦਾ ਸੀ। ਲੋਕਾਂ ਨੂੰ ਕੁਦਰਤ ਦੀ ਤਾਕਤਾਂ ਨਾਲ ਨਿਪਟਣ ਲਈ ਬਿਨਾਂ ਕਿਸੇ ਮਦਦ ਦੇ ਛੱਡ ਦਿਤਾ ਗਿਆ।

ਲੋਕ ਪੁੱਛ ਰਹੇ ਹਨ ਕਿ ਜਿਸ ਫੁਰਤੀ ਨਾਲ ਜਾਰਜ ਬੁਸ਼ ਨੇ ਇਰਾਕ ਉਤੇ ਹਮਲਾ ਕਰਨ ਲਈ ਸਾਰੇ ਇੰਤਜ਼ਾਮ ਕਰ ਲਏ ਸੀ ਉਸ ਫੁਰਤੀ ਨਾਲ ਲੋਕਾਂ ਨੂੰ ਤੂਫਾਨ ਦੀ ਤਬਾਹੀ ਤੋਂ ਬਚਾਉਣ ਲਈ ਕੋਈ ਕਦਮ ਕਿਉਂ ਨਹੀਂ ਚੁੱਕਿਆ ਗਿਆ। ਕੀ ਜਾਰਜ ਬੁਸ਼ ਅਤੇ ਉਸ ਦੀ ਸਰਕਾਰ 10 ਦਿਨ ਸੁੱਤੀ ਪਈ ਰਹੀ ਸੀ? ਸਰਕਾਰੀ ਅਫਸਰ ਇਹ ਵੀ ਦੱਸਦੇ ਹਨ ਕਿ ਲੋਕਾਂ ਦੀ ਮਦਦ ਲਈ ਫੌਜ ਵੀ ਹੈ ਨਹੀਂ ਸੀ ਕਿਉਂਕਿ ਲੂਜ਼ੀਆਨਾ ਨੈਸ਼ਨਲ ਗਾਰਡ ਦੇ ਜਵਾਨਾਂ ਨੂੰ ਇਰਾਕ ਵਿਚ ਭੇਜਿਆ ਗਿਆ ਹੋਇਆ ਹੈ।

ਅਮਰੀਕਾ ਦੇ ਦੂਸਰੇ ਸ਼ਹਿਰਾਂ ਅਤੇ ਇਲਾਕਿਆਂ ਵਿਚ ਆਮ ਸ਼ਹਿਰੀ ਤੂਫਾਨ ਦੀ ਲਪੇਟ ਵਿਚ ਆਏ ਹੋਏ ਪੀੜਤ ਲੋਕਾਂ ਦੀ ਮਦਦ ਲਈ ਬਹੁਤ ਉਦਮ ਕਰ ਰਹੇ ਹਨ। ਹਰ ਛੋਟੇ ਵੱਡੇ ਸ਼ਹਿਰ ਵਿਚ ਲੋਕ ਦੁਆਈਆਂ, ਖਾਣ ਦੀ ਸਾਮਗਰੀ, ਪੈਸਾ ਅਤੇ ਹੋਰ ਵਸਤਾਂ ਇਕੱਠੀਆਂ ਕਰਕੇ ਉਥੇ ਪਹੁੰਚਾਉਣ ਦਾ ਪ੍ਰਬੰਧ ਕਰ ਰਹੇ ਹਨ। ਡਾਕਟਰ, ਨਰਸਾਂ ਅਤੇ ਹੋਰ ਵਲੰਟੀਅਰ ਮੌਕੇ ਤੇ ਪਹੁੰਚ ਰਹੇ ਹਨ।

ਇਸ ਕੁਦਰਤੀ ਆਫ਼ਤ ਦੇ ਕੀਤੇ ਗਏ ਨੁਕਸਾਨ ਬਾਰੇ ਜਾਰਜ ਬੁਸ਼ ਦੀ ਸਰਕਾਰ ਦੇ ਵਤੀਰੇ ਤੋਂ ਇਹ ਗੱਲ ਸਾਫ ਹੁੰਦੀ ਹੈ ਕਿ ਇਹ ਹਾਕਮ ਜਮਾਤਾਂ ਰਾਜ ਕਰਨ ਦੇ ਕਾਬਲ ਨਹੀਂ। ਇਹ ਰਾਜ ਤੰਤ੍ਰ ਲੋਕਾਂ ਦੀ ਸੇਵਾ ਲਈ ਨਹੀਂ ਬਲਕਿ ਉਨ੍ਹਾਂ ਦਾ ਦੁਸ਼ਮਣ ਹੈ। ਇਹ ਰਾਜ ਤੰਤ੍ਰ ਹਾਕਮ ਜਮਾਤਾਂ ਦੇ ਹੱਥ ਵਿਚ ਲੋਕਾਂ ਦੇ ਖ਼ਿਲਾਫ਼ ਇਕ ਹਥਿਆਰ ਹੈ ਜਿਸ ਨਾਲ ਉਹ ਆਪਣੇ ਮੁਨਾਫ਼ੇ ਵੱਧ ਤੋਂ ਵੱਧ ਵਧਾਉਂਦੇ ਹਨ। ਇਕ ਪਾਸੇ ਤੂਫਾਨ ਦੀ ਤਬਾਹੀ ਦੇ ਸ਼ਿਕਾਰ ਹੋਏ ਲੋਕ ਹਨ। ਦੂਜੇ ਪਾਸੇ ਤੇਲ ਵਾਲੀ ਕੰਪਨੀਆਂ ਨੇ ਤੇਲ ਦੇ ਭਾਅ ਵਧਾ ਕੇ ਆਪਣੇ ਮੁਨਾਫ਼ੇ ਹੋਰ ਵਧਾਉਣ ਦਾ ਮੌਕਾ ਸਾਂਭ ਲਿਆ ਹੈ। ਇਸੇ ਤਰਾਂ ਸਰਮਾਏਦਾਰਾਂ ਦੀ ਹੋਰਨਾਂ ਢਾਣੀਆਂ ਨੇ ਲੋਕਾਂ ਦੀਆਂ ਤਕਲੀਫ਼ਾਂ ਨੂੰ ਆਪਣੇ ਮੁਨਾਫ਼ੇ ਵਧਾਉਣ ਲਈ ਵਰਤਿਆ ਹੈ। ਜਾਰਜ ਬੁਸ਼ ਦੀ ਸਰਕਾਰ ਅਤੇ ਅਜਾਰੇਦਾਰਾ ਮੀਡੀਆ ਬਾਰ ਬਾਰ ਪਰਚਾਰ ਕਰਦੇ ਰਹੇ ਕਿ ਤੂਫ਼ਾਨ ਦੀ ਲਪੇਟ ਵਿਚ ਆਏ ਇਲਾਕਿਆਂ ਵਿਚ ਅਫ਼ਰਾਤਫ਼ਰੀ ਮਚੀ ਹੋਈ ਹੈ ਤੇ ਲੋਕ ਦੁਕਾਨਾਂ ਦੀ ਲੁੱਟਮਾਰ ਕਰ ਰਹੇ ਹਨ। ਆਪਣੇ ਘਰਬਾਰ ਗੁਆ ਚੁਕੇ ਭੁੱਖ ਅਤੇ ਹੜ੍ਹ ਦੇ ਮਾਰੇ ਹੋਏ ਗਰੀਬ ਲੋਕ ਜੇ ਕਿਸੇ ਸਟੋਰ `ਚੋਂ ਖਾਣ ਪੀਣ ਦੀ ਕੋਈ ਚੀਜ਼ ਲੈ ਲੈਂਦੇ ਹਨ ਜਾਂ ਕਪੜੇ ਲੈ ਜਾਂਦੇ ਹਨ ਤਾਂ ਹਕੂਮਤ ਇਨ੍ਹਾਂ ਨੂੰ ਮੁਜਰਮ ਗਰਦਾਨਦੀ ਹੈ ਅਤੇ ਮੌਕੇ ਤੇ ਹੀ ਗੋਲੀ ਨਾਲ ਮਾਰ ਦੇਣ ਦੀ ਗੱਲ ਕਰਦੀ ਹੈ ਪਰ ਦੂਸਰੇ ਪਾਸੇ ਇਸ ਨੇ ਇਕ ਬਾਰ ਵੀ ਇਹ ਐਲਾਨ ਨਹੀਂ ਕੀਤਾ ਕਿ ਤੇਲ ਦੀਆਂ ਕੀਮਤਾਂ ਵਿਚ ਕੋਈ ਵਾਧਾ ਨਹੀਂ ਹੋਣਾ ਚਾਹੀਦਾ ਅਤੇ ਜਿਹੜਾ ਵੀ ਤੇਲ ਦੀ ਕੀਮਤ ਵਧਾਏਗਾ ਉਸ ਨੂੰ ਸਜ਼ਾ ਦਿਤੀ ਜਾਵੇਗੀ। ਇਨ੍ਹਾਂ

ਕੰਪਨੀਆਂ ਨੇ ਇਸ ਮੌਕੇ ਦਾ ਫਾਇਦਾ ਉਠਾ ਕੇ ਆਪਣੇ ਬੈਂਕ ਭਰ ਲਏ ਹਨ, ਜਦ ਕਿ ਲੋਕ ਪਟਰੋਲ ਦੇ ਵੱਧ ਰਹੇ ਭਾਅ ਕਰਕੇ ਬਹੁਤ ਔਖੇ ਹਨ।

ਅਮਰੀਕਾ ਦੇ ਲੋਕ ਇਸ ਦੁਖਾਂਤ ਤੋਂ ਇਸ ਰਾਜ ਤੰਤ੍ਰ ਅਤੇ ਵਿਵਸਥਾ ਦੇ ਵਹਿਸ਼ੀ ਖ਼ਾਸੇ ਬਾਰੇ ਬਹੁਤ ਹੀ ਵਿਚਾਰ ਵਟਾਂਦਰਾ ਕਰ ਰਹੇ ਹਨ ਅਤੇ ਆਪਣੇ ਤਜਰਬੇ ਤੋਂ ਸਿੱਟੇ ਕੱਢ ਰਹੇ ਹਨ। ਹਰ ਪਾਸੇ ਇਕੋ ਹੀ ਗੱਲ ਦੀ ਚਰਚਾ ਚੱਲ ਰਹੀ ਹੈ ਕਿ ਜਾਰਜ ਬੁਸ਼ ਦੀ ਸਰਕਾਰ ਅਤੇ ਸਾਰੇ ਰਾਜ ਤੰਤ੍ਰ ਨੇ ਜਿਸ ਵਹਿਸ਼ੀ ਅਤੇ ਜਾਬਰ ਵਤੀਰਾ ਅਪਣਾਇਆ ਹੈ ਉਸ ਤੋਂ ਇਹ ਹੀ ਸਾਬਤ ਹੁੰਦਾ ਹੈ ਕਿ ਇਹ ਸਾਰਾ ਢਾਂਚਾ ਉਨ੍ਹਾਂ ਦੀ ਭਲਾਈ ਲਈ ਨਹੀਂ ਹੈ।